# ਚੋਣਵੇ ਵਿਸ਼ੇ

## ਛੇਵੀਂ ਸ਼੍ਰੇਣੀ

# ਜਿਉਮੈਟਰੀਕਲ ਡਰਾਇੰਗ ਅਤੇ ਚਿੱਤਰਕਲਾ

## (ਭਾਗ - 1) ਡਰਾਇੰਗ

(ੳ) **ਜਿਉਮੈਟਰੀਕਲ ਡਰਾਇੰਗ** (**ਜ਼ਰੂਰੀ**)

ਡਰਾਇੰਗ ਵਿੱਚ ਵਰਤੇ ਜਾਣ ਵਾਲੇ ਜੰਤਰਾਂ ਦੀ ਜਾਣ ਪਛਾਣ ਅਤੇ ਵਰਤੋਂ ਦੇ ਢੰਗ।

1. ਰੇਖਾਵਾਂ ਅਤੇ ਰੇਖਾਵਾਂ ਦੀਆਂ ਕਿਸਮਾਂ ਅਤੇ ਇਨ੍ਹਾਂ ਤੇ ਅਧਾਰਿਤ ਪ੍ਰਸ਼ਨ।
2. ਕੋਣ ਅਤੇ ਕੋਣਾਂ ਦੀਆਂ ਕਿਸਮਾਂ ਅਤੇ ਉਹਨਾਂ ਤੇ ਅਧਾਰਿਤ ਪ੍ਰਸ਼ਨ ।

## (ਭਾਗ - 2) ਚਿੱਤਰਕਲਾ

**(ਅ) ਮਾਡਲ ਡਰਾਇੰਗ (Model Drawing ) (ਵਸਤੂ ਚਿਤਰਣ) (ਜ਼ਰੂਰੀ )**

ਹੇਠ ਲਿਖੀਆਂ ਆਇਤਾਕਾਰ ਵਸਤੂਆਂ ਦੇ ਚਿੱਤਰ ਬਣਾਉਣੇ :

ਸਲੇਟ, ਪੁਸਤਕ ,ਇਮਤਿਹਾਨੀ ਗੱਤਾ ,ਲਿਫ਼ਾਫਾ ,ਪਤੰਗ ਆਦਿ।

ਹੇਠ ਲਿਖੀਆਂ ਗੋਲਾਕਾਰ ਵਸਤੂਆਂ ਦੇ ਚਿੱਤਰ ਬਣਾਉਣੇ-

ਗਲਾਸ, ਜੱਗ, ਪਿਆਲੀ ,ਪਲੇਟ ਅਤੇ ਗਮਲਾ।

ਹੇਠ ਲਿਖੇ ਸਾਧਾਰਣ ਫਲਾਂ ਤੇ ਸਬਜ਼ੀਆਂ ਦੇ ਚਿੱਤਰ ਬਣਾਉਣੇ-

ਸੇਬ, ਅੰਬ, ਬੈਂਗਣ, ਸ਼ਲਗਮ, ਗਾਜਰ, ਖਰਬੂਜਾ, ਕੇਲਾ ਆਦਿ।

ਉਪਰੋਕਤ ਆਇਤਾਕਾਰ , ਗੋਲਾਕਾਰ ਅਤੇ ਸਧਾਰਨ ਫਲ ਸਬਜ਼ੀਆਂ ਵਿੱਚੋਂ ਕੋਈ ਦੋ ਵਸਤੂਆਂ ਨੂੰ ਇਕਠਿਆਂ ਰੱਖਕੇ ਚਿੱਤਰਨਾਂ ਜਿਨ੍ਹਾਂ ਵਿੱਚੋਂ ਇੱਕ ਆਇਤਾਕਾਰ ਜ਼ਰੂਰ ਹੋਵੇ ਅਤੇ ਦੂਸਰੀ ਕੋਈ ਇੱਕ ਗੋਲਾਕਾਰ ਵਸਤੂ, ਫਲ ਜਾਂ ਸਬਜ਼ੀ ਹੋਵੇ।

ਪ੍ਰਕਾਸ਼ ਅਤੇ ਛਾਂ ਦੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ ਕਾਲੀ ਪੈਨਸਲ, ਰੰਗਦਾਰ ਪੈਨਸਲ ਜਾਂ ਪੇਸਟਲ ਰੰਗਾਂ ਦਾ ਪ੍ਰਯੋਗ ਕਰੋ।

**(ੲ) ਕਲਪਨਾਮਈ ਚਿੱਤਰਕਲਾ (Imaginative Drawing)**

1. (i) ਫਰੀਹੈਂਡ ਸਕੈਚਿੰਗ /ਚਾਰਕੋਲ, ਪੈਨਸਲ, ਕਰੇਓਨ ਪੇਸਟਲ(Crayon Pastel) , ਬੁਰਸ਼ ਰੰਗਾਂ ਦੁਆਰਾ ਆਕਾਰਾਂ ਦੇ ਕਲਪਨਾਮਈ ਸਕੈਚ ਤਿਆਰ ਕਰਨੇ।

   (ii) ਬੱਚੇ ਦਾ ਸੁਤੰਤਰ ਸਵੈ ਪ੍ਰਗਟਾਵਾ (Freehand self expression ) ਨਿਤਾਪ੍ਰਤੀ ਦੇ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ, ਦ੍ਰਿਸ਼ਾਂ ਦੀ ਚਿੱਤਕਾਰੀ ਜਿਵੇਂ ਧਰਤੀ ਦ੍ਰਿਸ਼, ਧਾਰਮਿਕ ਸਥਾਨ। (ਗੁਰਦੁਆਰਾ, ਮੰਦਰ ਆਦਿ)।

   (iii) ਸਾਧਾਰਨ ਚਿੱਤਰ-ਰੇਲ ਗੱਡੀ, ਛਕੜਾ, ਗੱਡਾ ਆਦਿ।

ਨੋਟ: ਕਲਪਨਾਮਈ ਚਿਤਰਾਂ ਵਿੱਚ ਸ਼ੁੱਧਤਾ ਤੇ ਅਨੁਪਾਤ ਤੇ ਜ਼ੋਰ ਨਾ ਦਿੱਤਾ ਜਾਵੇ । ਕਲਪਨਾਮਈ ਚਿੱਤਰਾਂ ਵਿਚਲੇ ਕੰਮ ਦੀ ਪੂਰਤੀ ਪੇਸਟਲ ਜਾਂ ਪਾਣੀ ਦੇ ਰੰਗ ਦੁਆਰਾ ਕੀਤੀ ਜਾਵੇ।

**2. ਅਕਾਰੀ ਰੇਖਾ ਚਿੱਤਰ (Figure Drawing)**

i. ਤੀਲੀ ਰੇਖਾਵਾਂ (Stick figure Drawing) ਦੁਆਰਾ ਮਨੁੱਖੀ ਚਿੱਤਰ ਤਿਆਰ ਕਰਨੇ।

ii. ਸਮਾਨੀ ਰੇਖਾਵਾਂ ਨਾਲ ਰੇਖਾ ਵਿਧੀ ਦੁਆਰਾ ਆਮ ਜਾਣੇ ਪਛਾਣੇ ਹੇਠ ਲਿਖੇ ਤਿੰਨ ਪੰਛੀਆਂ ਦੇ ਵੱਖ-ਵੱਖ ਸਥਿਤੀਆਂ ਵਿੱਚ ਚਿੱਤਰ ਬਣਾਉਣੇ ।

1. ਕਾਂ 2. ਤੋਤਾ 3. ਬੱਤਖ

iii. ਕਾਰਟੂਨ ਡਰਾਇੰਗ (ਹਾਸਰਸ/ਵਿਅੰਗ ਤੇ ਅਧਾਰਤ ਮਨੁੱਖੀ, ਜਾਨਵਰ ਅਤੇ ਪੰਛੀਆਂ ਦੇ ਕਾਰਟੂਨ ਚਿੱਤਰ ਤਿਆਰ ਕਰਨੇ)

**3. ਅੱਖਰ ਲਿਖਣ ਕਲਾ ਅਤੇ ਪੋਸਟਰ ਡਿਜ਼ਾਈਨਿੰਗ (Lettering & Poster Designing)**

ਕਲਮ ਅਤੇ ਬੁਰਸ਼ ਦੁਆਰਾ ਕਾਲੀ ਸਿਆਹੀ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਸਾਧਾਰਨ ਸੰਦੇਸ਼ (Mottoe's) ਮੋਟੇ ਅੱਖਰਾਂ ਵਿੱਚ ਲਿਖਣੇ ਜਿਹੜੇ ਕਿ ਦੋ ਸ਼ਬਦਾਂ ਵਿੱਚ ਹੋਣ। ਸ਼ਬਦ ਤੋਂ ਸ਼ਬਦ ਅਤੇ ਸਤਰ ਤੋਂ ਸਤਰ ਵਿੱਚ ਰੱਖੇ ਜਾਣ ਵਾਲੇ ਆਪਸੀ ਫਾਸਲੇ ਦੇ ਸਿਧਾਂਤ ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ । ਦੁੱਧ ਪੀਓ ਦਾ ਪੋਸਟਰ ਬਣਾਉਣਾ।

**4. ਡਿਜ਼ਾਇਨ (Design)**

i. ਡਿਜ਼ਾਇਨ ਅਤੇ ਰੰਗ ਯੋਜਨਾ (Colour Scheme) ਸਿੱਧੀਆਂ ਅਤੇ ਗੋਲ ਰੇਖਾਵਾਂ ਦੁਆਰਾ ਇਕਾਈ (Unit) ਬਣਾਉਣ, ਬਾਰੇ ਸਿਧਾਂਤ ਦੀ ਜਾਣਕਾਰੀ, ਨਮੂਨਿਆਂ ਵਿੱਚ ਰੰਗਾਂ ਨੂੰ ਫਬਾਉਣ ਬਾਰੇ ਗਿਆਨ।

ii. ਸਟੈਨਸਲਿੰਗ(Stencilling) :-ਫੁੱਲਾਂ ਤੇ ਪੱਤੀਆਂ ਦੇ ਸਟੈਂਸਲ ਕੱਟਣੇ।

iii. ਕੋਲਾਜ ਦੀ ਰਚਨਾ : ਰੰਗਦਾਰ ਕਾਗਜ ਨੂੰ ਕੱਟ, ਜੋੜ ਕੇ ਚਿੱਤਰ ਤਿਆਰ ਕਰਨੇ।

## छठी श्रेणी
## संस्कृत

**सामान्य उद्देश्यः**

1. छात्रों को सरल संस्कृत भाषा का शुद्ध उच्चारण सिखाना ।
2. छात्रों में सरल संस्कृत पढ़ने एवं भाषान्तर करने की क्षमना उत्पन्न करना ।
3. संस्कृत में सरल वाक्य लिख सकने की योग्यता का विकास करना ।
4. श्लोकों को कण्ठस्थ कर सस्वर वाचन की योग्यता का विकाय करना ।
5. छात्रों को संस्कृत व्याकरण का सामान्य परिचय कराना ।
6. छात्रों में सत्प्रवृतियों का विकास करना ।

**शिक्षण विधि :**

1. रूचि संवर्धन के लिए दृश्य–श्रव्य उपकरणों का प्रयोग किया जाए ।
2. पाठ को दैनिक एवं निकट परिवेश को साथ सम्बन्धित किया जाए ।
3. संस्कृत शब्दों एवं रचना की तुलना, जहां तक सम्भव हो, हिन्दी और पंजाबी से की जाएं, जिससे विद्यार्थी को संस्कृत के साथ आत्मीयता स्थापित करने में सहायता मिले ।
4. व्याकरण को केवल रटने का विषय न बना कर, उसे व्यावहारिक विधि से समझाया जाएं ।
5. संस्कृत शब्दों और वाक्यों के शुद्ध उच्चारण और लेखन के अभ्यास पर बल दिया जाऐं ।
6. दैनिक व्यवहार में सरल वाक्यों को प्रयोग किया जाएं ।
7. व्यक्तिगत एवं सामुहिक सस्वर वाचन, श्लोक– उच्चारण, अन्त्याक्षरी आदि की प्रतियोगिता कराना उपयोती होगा ।

## संस्कृत
## छठी श्रेणी

**(क) पाठ्य पुस्तक**

1. संस्कृत वाक्यों का अर्थ (हिन्दी या पंजाबी भाषा में )
2. दस संस्कृत शब्दों का हिन्दी में अर्थ
3. पाठ्य पुस्तक के अभ्यासों और पाठों पर आधारित पाँच प्रश्न, रिक्त स्थान पूर्ति
4. संस्कृत लोकोक्तियां का हिन्दी अनुवाद
5. कहानी का सार हिन्दी में ( काकःलोमश ःच )

**(ख) व्याकरण**

1. निम्नलिखित शब्दों के रूप सब विभक्तियों में

   (क) अकारान्त पुंलिंगः– बालक, देव, नर, अज, गज, अश्व, सिंह, वानर, काक, शुक,

   (ख) अकारान्त नपुंसक लिंगः– फल, वन, कमल, पत्र, पुस्तक।

2. निग्नलिखित सर्वनामों के रूप केवल प्रथमा विभिक्ति में तद् (पुं., नपुं. ) युष्पद्, अस्मद् ।
3. संरव्यावाची शब्द : एक से दस तक संरव्यावाची शब्द, पुंलिंग, नपुंसक लिंग में केवल प्रथमा विभक्ति में ।
4. निम्नलिखित परस्मैपदी धातुओं के रूप केवल लट् लकार मेंः–

   (क) भ्वादिगण ः– भू, हस्, खेल्, चल्, चर्, पठ्, खाद्, पा(पिब्), कूज्, गर्ज्, गम्, गच्छ्, धाव्, पत्, वद्, नी(नय्) ।

   (ख) तुदादिगण : लिख् मिल् सिच् (सिंच्), विश् प्रच्छ, (पृच्छ)

5. अनुवाद : पाठ्य पुस्तक के अभ्यासों में दिए गए हिन्दी वाक्यों का संस्कृत में अनुवाद

**निर्धारित पाठ्य–पुस्तक : संस्कृत पुस्तक–6**

**पंजाब स्कूल शिक्षा बोर्ड द्वारा प्रकाशित**

# ਉਰਦੂ

## SYLLABUS OF URDU OPTIONAL CALSS-VI

نصابی کتاب: جان پہچان (چھٹی جماعت کیلئے) شائع کردہ: N.C.E.R.T. New Delhi

تحریری پرچہ نمبر ۹۰
داخلی تعین نمبر ۱۰
کل نمبر ۱۰۰

وقت: ۳ گھنٹے

| | | |
|---|---|---|
| I | دیے گئے دس حروف کو ملا کر لفظ بنانا۔ | 10 |
| II | دیے گئے دس لفظوں کو توڑ کر حروف بنانا۔ | 10 |
| III | تشدید والے/ ہمزہ والے/نون غنہ والے پانچ لفظ لکھنا۔ | 5 |
| IV | گھر میں استعمال ہونے والی پانچ چیزوں کے نام لکھنا/ پرندوں/رنگوں کے نام لکھنا۔ | 5 |
| V | دس الفاظ کے واحد جمع لکھنا۔ | 10 |
| VI | کوئی پانچ سوالات کے جواب لکھنا۔ | 10 |
| VII | خالی جگہ پُر کرنا۔ | 5 |
| VIII | نصابی کتاب میں سے کوئی دو شعر لکھنا۔ | 5 |
| IX | درختوں کے فائدے، پانی کے فائدے یا ہوا کی اہمیت پر دس جملے لکھنا۔ | 15 |
| X | سکول کے پرنسپل کے نام بیماری یا گھر پر کام کی بنا پر چھٹی کی درخواست لکھنا۔ | 15 |

-------

**ਸ਼੍ਰੇਣੀ: ਛੇਵੀਂ**

# ਖੇਤੀਬਾੜੀ

**ਸਮਾ 2 ਘੰਟੇ**

## ਪਾਠ-ਕ੍ਰਮ (ਲਿਖਤੀ)

**ਪਾਠ 1 : ਪੰਜਾਬ ਵਿੱਚ ਖੇਤੀਬਾੜੀ : ਇੱਕ ਝਾਤ**

ਅਰਥ-ਵਿਵਸਥਾ ਵਿੱਚ ਖੇਤੀਬਾੜੀ ਦਾ ਯੋਗਦਾਨ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਹਰੀ ਕ੍ਰਾਂਤੀ ਵਿੱਚ ਯੋਗਦਾਨ, ਪੰਜਾਬ ਦੀ ਖੇਤੀ ਵਿੱਚ ਖੜੋਤ ਆਉਣ ਦੇ ਕਾਰਨ, ਕੁਦਰਤੀ ਸੋਮਿਆਂ ਨੂੰ ਬਚਾਉਣਾ ।

**ਪਾਠ 2: ਭੂਮੀ**

ਭੂਮੀ, ਭੂਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ, ਕਣਾਂ ਦੇ ਅਧਾਰ ਤੇ ਭੂਮੀ ਦੀਆਂ ਕਿਸਮਾਂ, ਭਾਰਤ ਵਿੱਚ ਪਾਈ ਜਾਣ ਵਾਲੀਆਂ ਮਿੱਟੀ ਦੀਆਂ ਕਿਸਮਾਂ, ਭੂਮੀ ਦੀਆਂ ਕਿਸਮਾਂ ਅਨੁਸਾਰ ਪੰਜਾਬ ਦੀ ਵੰਡ, ਭੂਮੀ ਨਾਲ ਸਬੰਧਤ ਸਮੱਸਿਆਵਾਂ ।

**ਪਾਠ 3 : ਫ਼ਸਲਾਂ ਦੀ ਵੰਡ**

ਫ਼ਸਲਾਂ ਦੀ ਵੰਡ : ਰੁੱਤ, ਬਨਸਪਤੀ ਵਿਗਿਆਨ, ਆਰਥਿਕ, ਜੀਵਨ-ਕਾਲ, ਜਲਵਾਯੂ, ਸਿੰਚਾਈ ਅਤੇ ਕਿਸੇ ਖਾਸ ਮੰਤਵ ਦੇ ਆਧਾਰ ਦੇ ਭੂਮੀ ਦੀ ਵੰਡ।

**ਪਾਠ 4 : ਪਾਣੀ ਦਾ ਖੇਤੀ ਵਿੱਚ ਮਹੱਤਵ**

ਸਿੰਚਾਈ ਦੀ ਲੋੜ, ਸਿੰਚਾਈ ਦੇ ਸਾਧਨ, ਸਿੰਚਾਈ ਦੇ ਤਰੀਕੇ : ਸਤਹਿ ਸਿੰਚਾਈ, ਸਬ-ਸਤਹਿ ਸਿੰਚਾਈ, ਫੁਹਾਰਾ ਸਿੰਚਾਈ, ਤੁਪਕਾ ਸਿੰਚਾਈ ।

**ਪਾਠ 5 : ਖਾਦਾਂ**

ਪੌਦਿਆਂ ਲਈ ਖੁਰਾਕੀ ਤੱਤਾਂ ਦੀ ਲੋੜ, ਖਾਦਾਂ ਦੀਆਂ ਕਿਸਮਾਂ : ਕੁਦਰਤੀ ਅਤੇ ਰਸਾਇਣਕ ਖਾਦਾਂ । ਖਾਦਾਂ ਦੀ ਵੱਧ ਵਰਤੋਂ ਦੇ ਨੁਕਸਾਨ।

**ਪਾਠ 6 : ਖੇਤੀ ਸੰਦ ਅਤੇ ਮਸ਼ੀਨਾਂ**

ਖੇਤੀ ਵਿੱਚ ਸੰਦਾਂ ਅਤੇ ਮਸ਼ੀਨਾਂ ਦਾ ਮਹੱਤਵ । ਖੇਤੀਬਾੜੀ ਵਿੱਚ ਵੱਖ-ਵੱਖ ਮੰਤਵਾਂ ਲਈ ਵਰਤੇ ਜਾਣ ਵਾਲੇ ਆਧੁਨਿਕ ਸੰਦ ਅਤੇ ਮਸ਼ੀਨਾਂ ਬਾਰੇ ਜਾਣਕਾਰੀ ।

**ਪਾਠ 7 : ਪੰਜਾਬ ਦੇ ਮੁੱਖ ਫਲ**

ਮਨੁੱਖੀ ਭੋਜਨ ਵਿੱਚ ਫ਼ਲਾਂ ਦਾ ਮਹੱਤਵ, ਪੰਜਾਬ ਵਿੱਚ ਫ਼ਲਾਂ ਅਧੀਨ ਰਕਬਾ, ਨਿੰਬੂ ਜਾਤੀ ਦੇ ਫ਼ਲ, ਅਮਰੂਦ, ਅੰਬ, ਨਾਸ਼ਪਾਤੀ, ਬੇਰ, ਲੀਚੀ ਅਤੇ ਆੜੂ ਆਦਿ ਬਾਰੇ ਸੰਖੇਪ ਜਾਣਕਾਰੀ ।

**ਪਾਠ 8 : ਪੰਜਾਬ ਦੀ ਮੁੱਖ ਸਬਜ਼ੀਆਂ**

ਮਨੁੱਖੀ ਭੋਜਨ ਵਿੱਚ ਸਬਜ਼ੀਆਂ ਦਾ ਮਹੱਤਵ, ਗਰਮੀ ਅਤੇ ਸਰਦੀ ਰੁੱਤ ਦੀਆਂ ਸਬਜ਼ੀਆਂ । ਆਲੂ, ਮਿਰਚ, ਟਮਾਟਰ, ਕੱਦੂ ਜਾਤੀ ਦੀਆਂ ਸਬਜ਼ੀਆਂ, ਭਿੰਡੀ, ਬੈਂਗਣ, ਗੋਭੀ, ਮਟਰ, ਪਿਆਜ਼, ਜੜ੍ਹਾਂ ਵਾਲੀਆਂ ਅਤੇ ਪੱਤੇਦਾਰ ਸਬਜ਼ੀਆਂ ਬਾਰੇ ਸੰਖੇਪ ਜਾਣਕਾਰੀ ।

**ਪਾਠ 9 : ਪੰਜਾਬ ਦੇ ਫੁੱਲ ਅਤੇ ਸਜਾਵਟੀ ਬੂਟੇ**

ਮਨੁੱਖੀ ਜੀਵਨ ਵਿੱਚ ਫੁੱਲਾਂ ਅਤੇ ਸਜਾਵਟੀ ਬੂਟਿਆਂ ਦਾ ਮਹੱਤਵ, ਫੁੱਲਾਂ, ਸਜਾਵਟੀ ਰੁੱਖਾਂ, ਵੇਲਾਂ ਅਤੇ ਝਾੜੀਆਂ ਬਾਰੇ ਸੰਖੇਪ ਜਾਣਕਾਰੀ ।

**ਪਾਠ 10: ਖੇਤੀ ਸਹਾਇਕ ਧੰਦੇ**

ਖੇਤੀ ਸਹਾਇਕ ਧੰਦਿਆਂ ਦੀ ਲੋੜ, ਖੇਤੀ ਸਹਾਇਕ ਧੰਦੇ - ਖੁੰਬਾਂ ਉਗਾਉਣਾ, ਮਧੂ ਮੱਖੀ ਪਾਲਣ, ਪਸ਼ੂ ਪਾਲਣ, ਸਬਜ਼ੀਆਂ ਉਗਾਉਣਾ, ਖੇਤੀ ਵਸਤਾਂ ਦੀ ਪ੍ਰੋਸੈਸਿੰਗ, ਖੇਤੀ ਸੇਵਾ ਕੇਂਦਰ, ਖੇਤੀ ਸਲਾਹਕਾਰ ਕੇਂਦਰ ਆਦਿ ।

# ਪਾਠ-ਕ੍ਰਮ (ਪ੍ਰਯੋਗੀ)

1. ਵਿਦਿਆਰਥੀਆਂ ਨੂੰ ਭੂਮੀ ਦੀ ਵੱਖ-ਵੱਖ ਕਿਸਮਾਂ ਬਾਰੇ ਜਾਣਕਾਰੀ ਦੇਣਾ ।
2. ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਦੀ ਪਛਾਣ ਅਤੇ ਕਾਸ਼ਤ ਸਬੰਧੀ ਜਾਣਕਾਰੀ ਦੇਣਾ ।
3. ਸਿੰਚਾਈ ਦੇ ਵੱਖ-ਵੱਖ ਤਰੀਕਿਆਂ ਬਾਰੇ ਦੱਸਣਾ ।
4. ਕੁਦਰਤੀ ਅਤੇ ਰਸਾਇਣਕ ਖਾਦਾਂ ਦੀ ਪਛਾਣ ਅਤੇ ਉਹਨਾਂ ਵਰਤੋਂ ਸਬੰਧੀ ਜਾਣਕਾਰੀ ਦੇਣਾ ।
5. ਨਵੀਨਤਮ ਖੇਤੀ ਸੰਦ ਅਤੇ ਮਸ਼ੀਨਾਂ ਦਾ ਚਾਰਟ ਆਦਿ ਤਿਆਰ ਕਰ ਕੇ ਜਾਣਕਾਰੀ ਦੇਣਾ ।
6. ਬਾਗ ਦਾ ਦੌਰਾ ਕਰ ਕੇ ਫ਼ਲਾਂ ਦੀ ਕਾਸ਼ਤ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ।
7. ਸਕੂਲ ਜਾਂ ਘਰ ਵਿੱਚ ਪੌਸ਼ਟਿਕ ਸਬਜ਼ੀਆਂ ਦੀ ਬਗੀਚੀ ਤਿਆਰ ਕਰਨਾ।
8. ਸਕੂਲ ਵਿੱਚ ਫੁੱਲ, ਸਜਾਵਟੀ ਪੌਦੇ, ਝਾੜੀਆਂ ਅਤੇ ਵੇਲਾਂ ਆਦਿ ਉਗਾਉਣਾ।
9. ਵੱਖ-ਵੱਖ ਸਹਾਇਕ ਧੰਦੇ ਅਪਣਾਉਣ ਵਾਲੇ ਅਗਾਂਹਵਧੂ ਕਿਸਾਨਾਂ ਦੇ ਫਾਰਮਾਂ ਦਾ ਦੌਰਾ ਕਰਨਾ।

**ਛੇਵੀਂ ਸ਼੍ਰੇਣੀ**

**ਕਟਾਈ ਅਤੇ ਸਿਲਾਈ**

**1.** ਕੱਚਾ, ਬਖੀਆ, ਕੱਚਾ ਬਖੀਆ (Run & Back ) ਸਾਦੀ ਸਿਲਾਈ , ਉਲੇੜ੍ਹੀ,ਚੋਣਾਂ ਅਤੇ ਬੁਸ਼ਟਰ ਦੇ ਬਟਨ ਲਗਾਉਣ ਦੇ ਸੈਂਪਲ ਤਿਆਰ ਕਰਨੇ।

**2.** ਉਪਰੋਕਤ ਟਾਂਕਿਆਂ ਦਾ ਪ੍ਰਯੋਗ ਕਰਕੇ ਦੋ ਨਰਮ ਭਰੇ ਹੋਏ ਖਿਡੌਣੇ (Soft Toys) ਬਣਾਉਣੇ।

**3.** ਇੱਕ ਸਾਲ ਤੱਕ ਦੇ ਬੱਚੇ ਦਾ ਝਬਲਾ ਹੱਥ ਨਾਲ ਸਿਲਾਈ ਕਰਕੇ ਤਿਆਰ ਕਰਨਾ।

**4.** ਦੋ ਤਰੀਕੇ ਦੇ ਲੰਗੋਟ (Diapers) ਹੱਥ ਨਾਲ ਸਿਲਾਈ ਕਰਕੇ ਤਿਆਰ ਕਰਨਾ।

**ਨੋਟਃ ਲੋੜ ਅਨੁਸਾਰ ਕਟਾਈ ਅਧਿਆਪਕ ਕਰਕੇ ਦੇਣਗੇ।**

## ਛੇਵੀਂ ਸ਼੍ਰੇਣੀ
## ਨੀਡਲ ਵਰਕ

**1.** ਕੱਚਾ ਟਾਂਕਾ, ਬਖੀਆ ਅਤੇ ਉਲੇੜ੍ਹੀ ਦੇ ਸੈਂਪਲ ਤਿਆਰ ਕਰਨਾ।

**2.** ਮੈਟੀ ਜਾਂ ਟਾਟ ਦੇ ਮੋਟੇ ਧਾਗੇ ਨਾਲ ਦਸੂਤੀ, ਮੱਛੀ ਟਾਂਕਾ ਅਤੇ ਕਾਂਥਾ ਵਰਕ (ਛੋਟਾ-ਛੋਟਾ ਕੱਚਾ ਟਾਂਕਾ) ਸਿੱਖਣਾ ਅਤੇ ਸੈਂਪਲ ਤਿਆਰ ਕਰਨੇ।

**3.** ਲਜ਼ੀ ਡੇਜ਼ੀ, ਚੇਨ ਸਟਿਚ ਅਤੇ ਡੰਡੀ ਟਾਂਕੇ ਨਾਲ ਦੋ ਰੁਮਾਲ (9”×9”) ਤਿਆਰ ਕਰਨੇ।

**4.** ਦਸੂਤੀ ਟਾਂਕੇ ਨਾਲ ਮੇਜ਼ਪੋਸ਼ ਤਿਆਰ ਕਰਨਾ।

**5.** ਕਾਂਥਾ ਵਰਕ ਨਾਲ ਟਰੇਅ ਕਵਰ ਜਾਂ ਥਾਲੀ ਦਾ ਕਵਰ ਤਿਆਰ ਕਰਨਾ।

## ਛੇਵੀਂ ਸ਼੍ਰੇਣੀ
## ਸੰਗੀਤ (ਗਾਇਨ)
## ਪਰਚਾ ਏ -ਲਿਖਤੀ

### ਭਾਗ-ੳ

1. ਸੰਗੀਤ (ਗਾਇਨ, ਵਾਦਨ ਅਤੇ ਨ੍ਰਿਤ)
2. ਅੰਲਕਾਰ
3. ਸੁਰ (ਸ਼ੁੱਧ, ਸੁਰ)
4. ਲੈਅ (ਵਿਲੰਬਤ, ਮੱਧ ਅਤੇ ਦਰੁਤ)
5. ਸਪਤਕ (ਮੰਦਰ, ਮੱਧ ਅਤੇ ਤਾਰ)
6. ਅਰੋਹ, ਅਵਰੋਹ

### ਭਾਗ-ਅ

1. ਪੰਜ ਅੰਲਕਾਰ ਸ਼ੁੱਧ ਸਵਰ ਵਾਲੇ
2. ਪਾਠ ਕ੍ਰਮ ਦੇ ਤਾਲਾਂ (ਦਾਦਰਾ ਅਤੇ ਕਹਿਰਵਾ) ਦੀ ਜਾਣ ਪਛਾਣ
3. ਪਾਠ ਕ੍ਰਮ ਦੇ ਤਾਲਾਂ ਦੀ ਤਾਲ ਲਿਪੀ

### ਪਰਚਾ ਬੀ-ਕਿਰਿਆਤਮਕ ਭਾਗ
### ਪਾਠਕ੍ਰਮ

**1. ਪੰਜ ਸ਼ੁੱਧ ਸਵਰਾਂ ਵਾਲੇ ਅੰਲਕਾਰਾਂ ਦਾ ਅਭਿਆਸ ਜਿਵੇ**

(ੳ) ਅਰੋਹ: ਸਾ ਰੇ ਗਾ ਮਾ ਪਾ ਧਾ ਨੀ ਸਾਂ
ਅਵਰੋਹ : ਸਾਂ ਨੀ ਧਾ ਪਾ ਮਾ ਗਾ ਰੇ ਸਾ

(ਅ) ਅਰੋਹ :ਸਾਸਾ ਰੇਰੇ ਗਾਗਾ........................
ਅਵਰੋਹ :ਸਾਂਸਾਂ ਨੀਨੀ ਧਾਧਾ ..................

(ੲ) ਅਰੋਹ :ਸਾਰੇਗਾ ,ਰੇਗਾਮਾ ,ਗਾਮਾਪਾ .........
ਅਵਰੋਹ : ਸਾਂਨੀਧਾ,ਨੀਧਾਪਾ ,ਧਾਪਾਮਾ............

**2.** ਦਾਦਰਾਂ ਅਤੇ ਕਹਿਰਵਾ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਨ ਕਰਨਾ ।

**ਪਾਠ ਪੁਸਤਕਾਂ**

**1. ਗਾਇਨ (ਪੰਜਾਬੀ) ਮਿਡਲ ਸ਼੍ਰੇਣੀਆਂ ਲਈ , ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ।**

**2. ਗਾਇਨ (ਹਿੰਦੀ ) ਮਿਡਲ ਸ਼੍ਰੇਣੀਆਂ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ**

## ਛੇਵੀਂ ਸ਼੍ਰੇਣੀ
## ਸੰਗੀਤ ਵਾਦਨ

### ਪਰਚਾ ਏ-ਲਿਖਤੀ (ਪਾਠਕ੍ਰਮ)
### ਭਾਗ-ੳ

1. ਸੰਗੀਤ(ਗਾਇਨ, ਵਾਦਨ ਅਤੇ ਨਰਿਤ)
2. ਅੰਲਕਾਰ
3. ਸੁਰ(ਸ਼ੁੱਧ, ਕੋਮਲ ਅਤੇ ਤੀਬਰ)
4. ਲੈਅ(ਵਿਲੰਬਤ, ਮੱਧ ਅਤੇ ਦਰੁਤ)
5. ਸਪਤਕ(ਮੰਦਰ, ਮੱਧ ਅਤੇ ਤਾਰ)
6. ਅਰੋਹ, ਅਵਰੋਹ

### ਭਾਗ-ਅ

1. ਪੰਜ ਅਲਕਾਰ ਸ਼ੁੱਧ ਸਵਰ ਵਾਲੇ
2. ਪਾਠ ਕ੍ਰਮ ਦੇ ਤਾਲਾਂ (ਦਾਦਰਾ ਅਤੇ ਕਹਿਰਵਾ) ਦੀ ਜਾਣ ਪਛਾਣ
3. ਪਾਠ ਕ੍ਰਮ ਦੇ ਤਾਲਾਂ ਦੀ ਤਾਲ ਲਿਪੀ

### ਪਰਚਾ-ਬੀ-ਕਿਰਿਆਤਮਕ ਭਾਗ
### ਪਾਠ ਕ੍ਰਮ

**1. ਪੰਜ ਸ਼ੁੱਧ ਸਵਰਾਂ ਵਾਲੇ ਅਲਕਾਰਾਂ ਦਾ ਅਭਿਆਸ ਜਿਵੇ**

| | | |
|---|---|---|
| (ੳ) | ਅਰੋਹ: | ਸਾ ਰੇ ਗਾ ਮਾ ਪਾ ਧਾ ਨੀ ਸਾਂ |
| | ਅਵਰੋਹ: | ਸਾਂ ਨੀ ਧਾ ਪਾ ਮਾ ਗਾ ਰੇ ਸਾ |
| (ਅ) | ਅਰੋਹ: | ਸਾਸਾ ਰੇਰੇ ਗਾਗਾ.. |
| | ਅਵਰੋਹ: | ਸਾਂਸਾਂ ਨੀਨੀ ਧਾਧਾ |
| (ੲ) | ਅਰੋਹ: | ਸਾਰੇਗਾ,ਰੇਗਾਮਾ, ਗਾਮਾਪਾ |
| | ਅਵਰੋਹ | ਸਾਂਨੀਧਾ,ਨੀਧਾਪਾ,ਧਾਪਾਮਾ |

2. ਦਾਦਰਾ ਤਾਲ ਅਤੇ ਕਹਿਰਵਾ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਨ ਕਰਨਾ

ਪਾਠ ਪੁਸਤਕਾਂ: 1. ਵਾਦਨ(ਪੰਜਾਬੀ) ਮਿਡਲ ਸ਼੍ਰੇਣੀਆਂ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਕਾਸ਼ਿਤ

2. ਵਾਦਨ(ਹਿੰਦੀ) ਮਿਡਲ ਸ਼੍ਰੇਣੀਆਂ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਕਾਸ਼ਿਤ

## ਛੇਵੀਂ ਸ਼੍ਰੇਣੀ
## ਗ੍ਰਹਿ ਵਿਗਿਆਨ

### ਪਾਠਕ੍ਰਮ (ਲਿਖਤੀ)

1. ਮਨੁੱਖ ਦੀਆਂ ਮੁੱਢਲੀਆਂ ਲੋੜਾਂ: ਭੋਜਨ, ਕੱਪੜਾ ਅਤੇ ਮਕਾਨ
2. ਭੋਜਨ ਦੇ ਕੰਮ: ਭੋਜਨ ਦੇ ਤੱਤ ,ਉਨ੍ਹਾਂ ਦੇ ਸ੍ਰੋਤ
3. ਭੋਜਨ ਪਕਾਉਣ ਦੇ ਕਾਰਨ: ਪਕਾਏ ਅਤੇ ਅਣਪਕਾਏ ਭੋਜਨ ਵਿੱਚ ਫਰਕ-ਭੋਜਨ ਪਕਾਉਣ ਦੇ ਤਰੀਕੇ: ਭੁੰਨਣਾ, ਸੇਕਣਾ, ਉਬਾਲਨਾ ਅਤੇ ਤਲਣਾ, ਉਦਾਹਰਣਾਂ ਸਮੇਤ।
4. ਘਰ
    - ਘਰ ਦਾ ਅਰਥ
    - ਚੰਗੇ ਆਲੇ ਦੁਆਲੇ ਦਾ ਮਹੱਤਵ
    - ਘਰ ਦੀ ਸਫਾਈ -ਝਾੜੂ ਲਾਉਣਾ ,ਪੋਚਾ ਲਾਉਣਾ ਅਤੇ ਬੁਰਸ਼ ਨਾਲ ਸਫਾਈ ਕਰਨੀ
    - ਝਾੜੂਆਂ ਅਤੇ ਬੁਰਸ਼ਾਂ ਦੀਆਂ ਕਿਸਮਾਂ
5. ਸ਼ੁੱਧ ਹਵਾ ਦੀ ਆਵਾਜਾਈ
    - ਹਵਾ ਨੂੰ ਸ਼ੁੱਧ ਕਰਨ ਦੇ ਤਰੀਕੇ
    - ਇਨ੍ਹਾਂ ਦੀ ਮਹੱਤਤਾ
6. ਪਹਿਨਣ ਵਾਲੇ ਕੱਪੜਿਆਂ ਦੀ ਚੋਣ
7. ਸੂਤੀ ਕੱਪੜਿਆਂ ਨੂੰ ਧੋਣਾ
    - ਸੂਤੀ ਕੱਪੜੇ ਸਾਫ ਕਰਨ ਲਈ ਠੀਕ ਸਾਬਨ ਅਤੇ ਪਾਊਡਰ
    - ਇਨ੍ਹਾਂ ਦਾ ਤਿਆਰੀ (ਪ੍ਰੈਸ ਕਰਨਾ ਅਤੇ ਤਹਿ ਲਗਾਉਣਾ)
8. ਨਿੱਜੀ ਸਿਹਤ ਵਿਗਿਆਨ
    - ਅੱਖਾਂ ,ਦੰਦਾਂ ਅਤੇ ਨਹੁੰਆਂ ਦੀ ਸੰਭਾਲ
    - ਨਹਾਉਣ ਦਾ ਮਹੱਤਵ

### ਪਾਠਕ੍ਰਮ (ਪ੍ਰਯੋਗੀ)

1. ਮਿੱਟੀ ਦੇ ਤੇਲ ਵਾਲੇ ਸਟੋਵ ਤੇ ਗੈਸ ਦਾ ਸਟੋਵ ਚਲਾਉਣਾ ਅਤੇ ਵਰਤਣਾ ।
2. ਚਾਹ ਬਣਾਉਣਾ ਅਤੇ ਪਰੋਸਣਾ
3. ਆਂਡੇ ਨੂੰ ਪੂਰਾ ਅਤੇ ਅੱਧਾ ਉਬਾਲਣਾ
4. ਨਿੱਜੀ ਕੱਪੜਿਆਂ ਨੂੰ ਧੋਣਾ- ਫਰਾਕ, ਜਾਂਘੀਆਂ, ਸਲਵਾਰ ,ਕਮੀਜ ਅਤੇ ਦੁਪੱਟਾ
5. ਕੱਚਾ, ਬਖੀਆ, ਕੱਚਾ ਬਖੀਆ, ਸਾਦੀ ਸਲਾਈ, ਚੋਣਾਂ ਅਤੇ ਉਲੇੜੀ ਦੇ ਸੈਂਪਲ ਤਿਆਰ ਕਰਨਾ
6. ਦਸ ਇੰਚ ਲੰਬੇ ਅਤੇ ਦਸ ਇੰਚ ਚੋੜੇ ਰੁਮਾਲ ਦੇ ਕਿਨਾਰੇ ਤੇ ਉਲੇੜੀ ਕਰਨਾ।

**ਛੇਵੀਂ ਸ਼੍ਰੇਣੀ**

**ਨ੍ਰਿਤ (ਡਾਂਸ)**

**ਪਰਚਾ ਏ-ਲਿਖਤੀ (ਪਾਠਕ੍ਰਮ)**

**ਭਾਗ-ੳ**

**1. ਹੇਠ ਲਿਖਿਆਂ ਦੀਆਂ ਪਰਿਭਾਸ਼ਾਵਾਂ ਅਤੇ ਜਾਣਕਾਰੀ:**

i. ਨ੍ਰਿਤ

ii. ਸਮ, ਤਾਲੀ, ਖਾਲੀ ਅਤੇ ਲੈਅ

iii. ਪਤਾਕਾ,ਤਰੀਪਤਾਕਾ ਮੁਦ੍ਰਾਵਾਂ

**2.** ਕੱਥਕ ਨ੍ਰਿਤ ਦੀ ਵੇਸ਼ਭੂਸ਼ਾ

**ਭਾਗ-ਅ**

**1.** ਤਿਨ ਤਾਲ ਵਿੱਚ ਕੱਥਕ ਨ੍ਰਿਤ ਦੇ ਦੋ ਤੋੜੇ, ਆਮਦ ਅਤੇ ਇੱਕ ਸਲਾਮੀ ਦੀ ਤਾਲ ਲਿਪੀ ।

**2.** ਪਾਠ ਕ੍ਰਮ ਦੇ ਤਾਲਾਂ ਦੀ ਜਾਣ-ਪਛਾਣ।

**3.** ਪਾਠ ਕ੍ਰਮ ਦੇਤਾਲਾਂ ਦੀ ਤਾਲ ਲਿਪੀ

**ਪਰਚਾ-ਬੀ ਕਿਰਿਆਤਮਕ ਭਾਗ**

**ਪਾਠ-ਕ੍ਰਮ**

**1. ਹੇਠ ਲਿਖਿਆਂ ਦਾ ਤਿੰਨ ਤਾਲ ਵਿੱਚ ਪ੍ਰਦਰਸ਼ਨ :**

(ੳ) ਤਤਕਾਰ

(ਅ) ਸਧਾਰਨ ਤੋੜੇ

(ੲ) ਆਮਦ

(ਸ) ਸਲਾਮੀ

**2. ਹੇਠ ਲਿਖੇ ਤਾਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਨ ਕਰਨਾ:**

(ੳ) ਕਹਿਰਵਾ

(ਅ) ਤਿੰਨ ਤਾਲ

**3. ਲੋਕ ਨ੍ਰਿਤ ਦੀ ਪੇਸ਼ਕਾਰੀ**

# ਪ੍ਰਯੋਗੀ ਕਲਾ ਸਿੱਖਿਆ
# (Practical Art Education)

ਨਵੀਂ ਸਿੱਖਿਆ ਨੀਤੀ ਅਧੀਨ ਛੇਵੀਂ, ਸਤੱਵੀਂ, ਅੱਠਵੀਂ ਸ਼੍ਰੇਣੀ ਲਈ ਤਰਤੀਬਵਾਰ ਤਰਖਾਣਾ ਕੰਮ ਮੈਟਲ ਫਿਟਿੰਗ ਟ੍ਰੇਡ ਅਤੇ (ੳ) ਬਿਜਲੀ ਦਾ ਕੰਮ (ਅ) ਰੇਡੀਓ ਦਾ ਕੰਮ ਵਿਸ਼ਿਆਂ ਦੇ ਪਾਠਕ੍ਰਮ ਨੂੰ ਹੇਠ ਲਿਖੇ ਅਨੁਸਾਰ ਵੰਡਿਆ ਜਾਂਦਾ ਹੈ।

| | ਕ੍ਰਮ | ਵਿਸ਼ਾ | ਲਿਖਤੀ (ਸਿਧਾਂਤਕ ਹਦਾਇਤਾ) | ਪ੍ਰਯੋਗੀ (ਅਮਲੀ ਅਭਿਆਸ) |
|---|---|---|---|---|
| (1) ਛੇਵੀਂ ਸ਼੍ਰੇਣੀ | | | | |
| | 1 | ਤਰਖਾਣਾ ਕੰਮ | 1,2,3,4,5 | 1,2,3,4, |
| | 2 | ਤਰਖਾਣਾ ਕੰਮ | 6,7,8,9 | 5,6 |
| (2) ਸੱਤਵੀਂ ਸ਼੍ਰੇਣੀ | | | | |
| | 1 | ਮੈਟਲ ਫਿਟਿੰਗ | 1 | 1,2,3 |
| | 2 | ਮੈਟਲ ਫਿਟਿੰਗ | 2 | 4,5 |
| (3) ਅੱਠਵੀਂ ਸ਼੍ਰੇਣੀ | | | | |
| | 1 | (ੳ)ਬਿਜਲੀ ਦਾ ਕੰਮ | 1,2,3,4 | 1,2,3 |
| | 2 | " " | 5,6 | 4 |
| | 1 | (ਅ) ਰੇਡੀਓ ਦਾ ਕੰਮ | 1,2,3 | 1,2,3,4 |
| | 2 | " " | 4,5 | 5,6,7 |